BRAMPTON

**Media Release**

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ 30 ਸਤੰਬਰ ਨੂੰ ਨੈਸ਼ਨਲ ਡੇ ਫਾਰ ਟ੍ਰੁੱਥ ਐਂਡ ਰਿਕੰਸਿਲਿਏਸ਼ਨ ਅਤੇ ਔਰੇਂਜ ਸ਼ਰਟ ਡੇ ਵਜੋਂ ਮਾਨਤਾ ਦੇਵੇਗੀ

ਬ੍ਰੈਂਪਟਨ, ਓਨਟੈਰੀਓ (17 ਸਤੰਬਰ, 2021) – ਇਸ ਹਫ਼ਤੇ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ 30 ਸਤੰਬਰ ਨੂੰ ਕੈਨੇਡਾ ਦੇ ਪਹਿਲੇ ਨੈਸ਼ਨਲ ਡੇ ਫਾਰ ਟ੍ਰੁੱਥ ਐਂਡ ਰਿਕੰਸਿਲਿਏਸ਼ਨ (National Day for Truth and Reconciliation) ਵਜੋਂ ਰਸਮੀ ਤੌਰ ਤੇ ਮਾਨਤਾ ਦੇਣ ਲਈ ਸਰਬਸੰਮਤੀ ਨਾਲ ਵੋਟ ਦਿੱਤੀ।

ਸਾਰੇ ਕਰਮਚਾਰੀਆਂ ਅਤੇ ਨਿਵਾਸੀਆਂ ਨੂੰ ਸਲਾਹ ਦਿੰਦੇ ਹੋਏ ਕਿ ਉਹ ਇਸਤੇ ਵਿਚਾਰ ਕਰਨ ਅਤੇ ਦੇਖਣ ਦੇ ਮੌਕੇ ਦਾ ਹਿੱਸਾ ਬਣਨ ਅਤੇ ਸਿਟੀ ਅਤੇ ਕਮਿਉਨਿਟੀ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ, ਸਿਟੀ ਦੀਆਂ ਸਾਰੀਆਂ ਫੈਸਿਲਿਟੀਜ ਬੰਦ ਰਹਿਣਗੀਆਂ ਅਤੇ ਟ੍ਰਾਂਜ਼ਿਟ (Transit) ਸੇਵਾਵਾਂ ਐਤਵਾਰ/ਛੁੱਟੀ ਵਾਲੇ ਸ਼ੈਡਿਊਲ ਤੇ ਚੱਲਣਗੀਆਂ।

**ਬ੍ਰੈਂਪਟਨ ਵਿੱਚ ਨੈਸ਼ਨਲ ਡੇ ਫਾਰ ਟ੍ਰੁੱਥ ਐਂਡ ਰਿਕੰਸਿਲਿਏਸ਼ਨ ਅਤੇ ਔਰੇਂਜ ਸ਼ਰਟ ਡੇ ਪ੍ਰੋਗਰਾਮਿੰਗ**

ਸਿਟੀ, 27 ਸਤੰਬਰ ਤੋਂ 1 ਅਕਤੂਬਰ ਤੱਕ ਟ੍ਰੁੱਥ ਐਂਡ ਰਿਕੰਸਿਲਿਏਸ਼ਨ ਵੀਕ (Truth and Reconciliation Week) ਲਈ ਐਵਰੀ ਚਾਈਲਡ ਮੈਟਰਸ (Every Child Matters) ਝੰਡਾ ਲਹਿਰਾ ਕੇ, ਨੈਸ਼ਨਲ ਡੇ ਫਾਰ ਟ੍ਰੁੱਥ ਐਂਡ ਰਿਕੰਸਿਲਿਏਸ਼ਨ ਅਤੇ ਔਰੇਂਜ ਸ਼ਰਟ ਡੇ (Orange Shirt Day) ਨੂੰ ਮਾਨਤਾ ਦੇਵੇਗੀ। 30 ਸਤੰਬਰ ਨੂੰ, ਸਿਟੀ ਹਾਲ (City Hall) ਵਿਖੇ ਝੰਡੇ ਅੱਧੇ ਝੁਕੇ ਹੋਏ ਹੋਣਗੇ ਅਤੇ ਬ੍ਰੈਂਪਟਨ ਸਿਟੀ ਹਾਲ ਦਾ ਕਲੌਕ ਟਾਵਰ (Brampton City Hall Clock Tower) ਸੰਤਰੀ ਰੰਗ ਦੀ ਲਾਈਟ ਨਾਲ ਜਗਮਗਾਵੇਗਾ।

ਲਗਾਤਾਰ ਸਿਖਲਾਈ ਨੂੰ ਵਧਾਉਣ ਵਿੱਚ ਮਦਦ ਲਈ, ਸਿਟੀ www.brampton.ca/bramptonremembers ਤੇ ਕਰਮਚਾਰੀਆਂ ਅਤੇ ਜਨਤਾ ਵਾਸਤੇ ਭਰੋਸੇਯੋਗ ਅਤੇ ਪਹੁੰਚਯੋਗ ਵਸੀਲਿਆਂ ਦੇ ਨਾਲ ਵੈਬਸਾਈਟ ਉਪਲਬਧ ਕਰਾਵੇਗੀ।

ਸਿਟੀ ਆਫ ਬ੍ਰੈਂਪਟਨ, ਕਮਿਉਨਿਟੀ ਗਰੁੱਪਾਂ ਅਤੇ ਲੀਡਰਾਂ ਨੂੰ ਵੀ 30 ਸਤੰਬਰ ਦੀ ਪ੍ਰੋਗਰਾਮਿੰਗ ਦੇ ਕਾਰਜਕਰਮ ਬ੍ਰੈਂਪਟਨ ਦਾ ਇਵੈਂਟਸ ਕੈਲੰਡਰ (Brampton's Events Calendar) ਤੇ ਪ੍ਰਸਤੁਤ ਕਰਨ ਲਈ ਸੱਦਾ ਦਿੰਦੀ ਹੈ।

**ਨੈਸ਼ਨਲ ਡੇ ਫਾਰ ਟ੍ਰੁੱਥ ਐਂਡ ਰਿਕੰਸਿਲਿਏਸ਼ਨ ਬਾਰੇ**

ਜੂਨ 2021 ਵਿੱਚ, ਕੈਨੇਡਾ ਸਰਕਾਰ (Government of Canada) ਨੇ ਨੈਸ਼ਨਲ ਡੇ ਫਾਰ ਟ੍ਰੁੱਥ ਐਂਡ ਰਿਕੰਸਿਲਿਏਸ਼ਨ ਨਾਮਕ ਫੈਡਰਲੀ ਰੈਗੁਲੇਟੇਡ ਇੰਪਲਾਇਰਸ ਵਾਸਤੇ ਨਵੀਂ ਪਬਲਿਕ ਛੁੱਟੀ ਲਾਗੂ ਕਰਨ ਲਈ ਬਿਲ ਸੀ-5 (Bill C-5) ਪਾਸ ਕੀਤਾ ਸੀ।

ਇਹ ਨਵੀਂ ਛੁੱਟੀ, ਟ੍ਰੁੱਥ ਐਂਡ ਰਿਕੰਸਿਲਿਏਸ਼ਨ ਕਮਿਸ਼ਨ ਆਫ ਕੈਨੇਡਾ (Truth and Reconciliation Commission of Canada) ਵੱਲੋਂ 94 ਕਾੱਲਸ ਟੂ ਐਕਸ਼ਨ ਵਿੱਚੋਂ ਐਕਸ਼ਨ ਨੰਬਰ 80 ਹੈ। ਇਹ ਦਿਨ, ਜੀਵਿਤ ਬਚਣ ਵਾਲੇ ਫਸਟ ਨੇਸ਼ਨਸ (First Nations), ਇਨਉਟ (Inuit) ਅਤੇ ਮੇਟਿਸ (Métis),

ਉਹਨਾਂ ਦੇ ਪਰਿਵਾਰਾਂ ਅਤੇ ਕਮਿਉਨਿਟੀਜ ਨੂੰ ਸਨਮਾਨ ਦੇਣ ਅਤੇ ਇਹ ਯਕੀਨੀ ਬਣਾਉਣ ਲਈ ਹੈ ਕਿ ਉਹਨਾਂ ਦੇ ਇਤਿਹਾਸ ਦਾ ਪਬਲਿਕ ਯਾਦਗਾਰ ਕਾਰਜ ਅਤੇ ਰਿਹਾਇਸ਼ੀ ਸਕੂਲਾਂ ਦਾ ਵਿਰਸਾ, ਮੇਲਮਿਲਾਪ ਪ੍ਰਕਿਰਿਆ ਦਾ ਮਹੱਤਵਪੂਰਣ ਹਿੱਸਾ ਰਹੇ।

**ਲਿੰਕ**

- ਸਿਟੀ ਆਫ ਬ੍ਰੈਂਪਟਨ – ਬ੍ਰੈਂਪਟਨ ਯਾਦ ਕਰਦਾ ਹੈ (City of Brampton – Brampton Remembers)
- ਸਿਟੀ ਆਫ ਬ੍ਰੈਂਪਟਨ – ਇਵੈਂਟਸ ਕੈਲੰਡਰ (City of Brampton – Events Calendar)
- ਟ੍ਰੱਥ ਐਂਡ ਰਿਕੰਸਿਲਿਏਸ਼ਨ ਕਮਿਸ਼ਨ ਆਫ ਕੈਨੇਡਾ (ਟੀ.ਆਰ.ਸੀ.) (Truth and Reconciliation Commission of Canada) (TRC)
- ਕੈਨੇਡਾ ਸਰਕਾਰ ਦਾ ਵਰਚੁਅਲ ਕਾਰਜਕਰਮ - ਨੈਸ਼ਨਲ ਡੇ ਫਾਰ ਟ੍ਰੱਥ ਐਂਡ ਰਿਕੰਸਿਲਿਏਸ਼ਨ ਨੂੰ ਖਾਸ ਬਣਾਓ (Government of Canada's Virtual Event - Mark the National Day for Truth and Reconciliation Day)
- ਕੈਨੇਡਾ ਸਰਕਾਰ – ਫੈਡਰਲ ਕਨੂੰਨੀ ਛੁੱਟੀ: ਨੈਸ਼ਨਲ ਡੇ ਫਾਰ ਟ੍ਰੱਥ ਐਂਡ ਰਿਕੰਸਿਲਿਏਸ਼ਨ (Government of Canada – Federal Statutory Holiday: National Day for Truth and Reconciliation)
- ਕੈਨੇਡਾ ਸਰਕਾਰ – ਬਿਲ ਸੀ-5 (ਨੈਸ਼ਨਲ ਡੇ ਫਾਰ ਟ੍ਰੱਥ ਐਂਡ ਰਿਕੰਸਿਲਿਏਸ਼ਨ) (Government of Canada – Bill C-5) (National Day for Truth and Reconciliation)
- ਨੈਸ਼ਨਲ ਸੈਂਟਰ ਫਾਰ ਟ੍ਰੱਥ ਐਂਡ ਰਿਕੰਸਿਲਿਏਸ਼ਨ (National Centre for Truth and Reconciliation)
- ਔਰੇਂਜ ਸ਼ਰਟ ਡੇ (Orange Shirt Day)

**ਹਵਾਲੇ**

"ਜਿਵੇਂ ਕਿ ਅਸੀਂ 30 ਸਤੰਬਰ ਨੂੰ ਨੈਸ਼ਨਲ ਡੇ ਫਾਰ ਟ੍ਰੱਥ ਐਂਡ ਰਿਕੰਸਿਲਿਏਸ਼ਨ ਅਤੇ ਔਰੇਂਜ ਸ਼ਰਟ ਡੇ ਵਜੋਂ ਮਾਨਤਾ ਦੇ ਰਹੇ ਹਾਂ, ਸਿਟੀ ਆਫ ਬ੍ਰੈਂਪਟਨ ਅਰਥਪੂਰਣ ਕਾਰਵਾਈ ਕਰਨ ਲਈ ਦੁਬਾਰਾ ਵਚਨਬੱਧ ਹੁੰਦੀ ਹੈ। ਇਹ ਸਾਨੂੰ ਵੱਧ ਜਵਾਬਦੇਹੀ ਅਤੇ ਇੰਡੀਜੀਨਸ ਪੀਪਲਸ ਅਤੇ ਉਹਨਾਂ ਦੀਆਂ ਕਮਿਉਨਿਟੀਜ ਦੇ ਨਾਲ ਟ੍ਰੱਥ ਐਂਡ ਰਿਕੰਸਿਲਿਏਸ਼ਨ ਹਾਸਲ ਕਰਨ ਦੇ ਪ੍ਰਤੀ ਅੱਗੇ ਵਧਾਉਂਦੀ ਹੈ। ਇਸ ਸਾਲ ਪੂਰਵ ਰਿਹਾਇਸ਼ੀ ਸਕੂਲ ਸਾਈਟਾਂ ਤੇ ਹੋਏ ਭਿਆਨਕ ਪ੍ਰਗਟਾਵੇ ਉਸ ਮਹੱਤਵਪੂਰਣ ਕੰਮ ਦਾ ਸਖਤ ਰਿਮਾਈਂਡਰ ਹਨ, ਜੋ ਅਸੀਂ ਸਿਟੀ, ਕਮਿਉਨਿਟੀ ਅਤੇ ਦੇਸ਼ ਵਜੋਂ ਨਹੀਂ ਕੀਤਾ। ਮੈਂ ਹਰ ਕਿਸੇ ਨੂੰ ਸਲਾਹ ਦਿੰਦਾ ਹਾਂ ਕਿ ਇਸਤੇ ਵਿਚਾਰ ਕਰਨ ਅਤੇ ਯਾਦ ਰੱਖਣ ਵਾਸਤੇ, 30 ਸਤੰਬਰ ਨੂੰ ਸਿਟੀ ਅਤੇ ਕਮਿਉਨਿਟੀ-ਅਧਾਰਿਤ ਪ੍ਰੋਗਰਾਮਿੰਗ ਵਿੱਚ ਹਿੱਸਾ ਲਓ।"

- *ਪੈਟਰਿਕ ਬ੍ਰਾਊਨ* (Patrick Brown), *ਮੇਅਰ, ਸਿਟੀ ਆਫ ਬ੍ਰੈਂਪਟਨ*

"ਇੱਕ ਸੰਗਠਨ ਵਜੋਂ ਸਨਮਾਨ ਦੇ ਰਸਮੀ ਦਿਨ ਦੇ ਦੁਆਰਾ, ਨੈਸ਼ਨਲ ਡੇ ਫਾਰ ਟ੍ਰੱਥ ਐਂਡ ਰਿਕੰਸਿਲਿਏਸ਼ਨ ਨੂੰ ਮਾਨਤਾ ਦੇਣਾ, ਇੰਡੀਜੀਨਸ ਕਮਿਉਨਿਟੀਜ ਦੇ ਨਾਲ ਟ੍ਰੱਥ ਐਂਡ ਰਿਕੰਸਿਲਿਏਸ਼ਨ ਦੀ ਹਿਮਾਇਤ ਕਰਨ ਵਿੱਚ ਅਗਲਾ ਕਦਮ ਹੈ। ਸਾਡੀ ਟੀਮ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਕਰਮਚਾਰੀਆਂ, ਨਿਵਾਸੀਆਂ ਅਤੇ ਕਮਿਉਨਿਟੀ ਮੈਂਬਰਾਂ ਨੂੰ ਵਸੀਲਿਆਂ ਅਤੇ ਪ੍ਰੋਗਰਾਮਿੰਗ ਤੱਕ ਪਹੁੰਚ ਦਾ ਮੌਕਾ ਮਿਲਦਾ ਹੈ, ਜਿਸ ਨਾਲ ਉਹ ਇਸ ਮਹੱਤਵਪੂਰਣ ਦਿਨ ਤੇ ਅਰਥਪੂਰਣ ਢੰਗ ਨਾਲ ਵਿਚਾਰ ਕਰ ਸਕਣ ਅਤੇ ਇਸ ਵਿੱਚ ਹਿੱਸਾ ਲੈ ਸਕਣ।"

- *ਡੇਵਿਡ ਬੈਰਿਕ* (David Barrick), *ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

"ਨੈਸ਼ਨਲ ਡੇ ਫਾਰ ਟ੍ਰੱਥ ਐਂਡ ਰਿਕੰਸਿਲਿਏਸ਼ਨ ਤੇ ਸ਼ਮੂਲੀਅਤ ਵਾਲੀ ਗੱਲਬਾਤ ਅਤੇ ਚਿੰਤਨ ਦੇ ਦੁਆਰਾ, ਅਸੀਂ ਉਹ ਰਿਸ਼ਤੇ ਬਣਾਉਣ ਵਿੱਚ ਅੱਗੇ ਵਧ ਸਕਦੇ ਹਾਂ, ਜੋ ਆਪਸੀ ਸਨਮਾਨ, ਭਰੋਸੇ ਅਤੇ ਕੈਨੇਡਾ ਦੇ ਇੰਡੀਜੀਨਸ ਪੀਪਲਸ ਦੇ ਨਾਲ ਮੇਲਮਿਲਾਪ ਦੀ ਜ਼ਿੰਮੇਵਾਰੀ ਦੀ ਮਾਨਤਾ ਤੇ ਅਧਾਰਿਤ ਹਨ। ਸਿਟੀ ਅਤੇ ਕਮਿਉਨਿਟੀ ਵਜੋਂ, ਅਸੀਂ ਸਾਰੇ ਅਜਿਹਾ ਸਮਾਜ ਬਣਾਉਣ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਾਂ, ਜੋ ਵੱਧ ਦਇਆਵਾਨ, ਸ਼ਮੂਲੀਅਤ ਵਾਲਾ ਅਤੇ ਬਰਾਬਰੀ ਵਾਲਾ ਹੋਵੇ। ਮੈਂ ਹਰ ਕਿਸੇ ਨੂੰ, ਸਿਟੀ ਵੱਲੋਂ ਪ੍ਰਦਾਨ ਕੀਤੇ ਜਾ ਰਹੇ ਕਈ ਤਰ੍ਹਾਂ ਦੇ ਕਾਰਜਕਰਮਾਂ ਅਤੇ ਪ੍ਰੋਗਰਾਮਿੰਗ ਵਿੱਚ ਹਿੱਸਾ ਲੈਣ ਦੀ ਸਲਾਹ ਦਿੰਦੀ

ਹਾਂ, ਤਾਂ ਜੋ ਕੈਨੇਡਾ ਵਿੱਚ ਇੰਡੀਜੀਨਸ ਕਮਿਉਨਿਟੀਜ ਦੇ ਇਤਿਹਾਸ ਦਾ ਸਨਮਾਨ ਕੀਤਾ ਜਾ ਸਕੇ ਅਤੇ 30 ਸਤੰਬਰ ਤੇ ਵਿਚਾਰ ਕਰਨ ਲਈ ਮੌਕੇ ਪ੍ਰਾਪਤ ਕੀਤੇ ਜਾ ਸਕਣ।"

*- ਮਿਸ਼ੇਲ ਬਰਨ (Michele Byrne), ਮੈਨੇਜਰ, ਇਕਵਿਟੀ ਆਫਿਸ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca